# ਦਫ਼ਤਰ ਗੁਰਦੁਆਰਾ ਚੋਣ ਕਮਿਸ਼ਨਰ, ਹਰਿਆਣਾ

ਗਰਾਊਂਡ ਫਲੋਰ, ਪਲਾਟ ਨੰ. 9 ਡੀਐਚਐਲ ਸਕੁਏਅਰ, ਸੈਕਟਰ 22, ਪੰਚਕੂਲਾ

ਟੈਲੀ: 0172-4004268 ਈਮੇਲ: gurdwaraelectionhry@gmail.com ਵੈੱਬ: https://gurdwaraelectionshry.in

## ਜਨਤਕ ਨੋਟਿਸ

ਹਰਿਆਣਾ ਰਾਜ ਵਿੱਚ ਵੱਸਦੇ ਸਮੂਹ ਸਿੱਖਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੋਟਰ ਸੂਚੀ ਤਿਆਰ ਕਰਨ ਲਈ ਨਾਮ ਦਰਜ ਕਰਨ ਦੀ ਆਖਰੀ ਮਿਤੀ 31.10.2023 ਤੋਂ ਵਧਾ ਕੇ 15.11.2023 ਕਰ ਦਿੱਤੀ ਗਈ ਹੈ। ਜਿਨ੍ਹਾਂ ਨੇ ਆਪਣਾ ਨਾਮ ਦਰਜ ਕਰਵਾਉਣ ਲਈ ਪਹਿਲਾਂ ਤੋਂ ਬਿਨੇ ਪੱਤਰ ਦਿੱਤੇ ਹੋਏ ਹਨ ਉਹਨਾਂ ਨੂੰ ਵੀ ਸਵੈ ਘੋਸ਼ਣਾ ਭਰਨੀ ਲਾਜ਼ਮੀ ਹੈ ਅਤੇ ਓਹਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜਿਹਨਾਂ ਨੇ ਹਲੇ ਤਕ ਸਵੈ ਘੋਸ਼ਣਾ ਨਹੀਂ ਭਰੀ ਹੈ ਤਾਂ ਓਹ ਆਪਣੀ ਸਵੈ ਘੋਸ਼ਣਾ 15.11.2023 ਤੱਕ ਅਧਿਕਾਰਿਤ ਕਰਮਚਾਰੀ ਕੋਲ ਜਮਾਂ ਕਰਵਾਉਣ । ਇਸ ਤੋਂ ਇਲਾਵਾ ਕੋਈ ਵੀ ਸਿੱਖ ਜੋ ਲੋੜੀਂਦੀ ਯੋਗਤਾ ਪੂਰੀ ਕਰਦਾ ਹੈ ਅਤੇ ਅਜੇ ਤੱਕ ਓਸਨੇ ਆਪਣਾ ਨਾਮ ਰਜਿਸਟਰਡ ਨਹੀਂ ਕਰਵਾਇਆ ਹੈ, ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਪੇਂਡੂ ਖੇਤਰ ਵਿੱਚ ਪਟਵਾਰੀ ਅਤੇ ਸ਼ਹਿਰੀ ਖੇਤਰ ਵਿੱਚ ਨਗਰਪਾਲਿਕਾ ਦੇ ਸਕੱਤਰ ਰਾਹੀਂ ਤੁਰੰਤ ਆਪਣਾ ਨਾਮ ਦਰਜ ਕਰਵਾਉਣ। ਬਿਨੈ-ਪੱਤਰ ਫਾਰਮ ਪਟਵਾਰੀ ਅਤੇ ਨਗਰਪਾਲਿਕਾ ਦੇ ਸਕੱਤਰ ਕੋਲ ਉਪਲਬਧ ਹਨ ਜਾਂ ਇਸ ਦਫ਼ਤਰ ਦੀ ਅਧਿਕਾਰਤ ਵੈੱਬਸਾਈਟ https://gurdwaraelectionshry.in ਤੋਂ ਮੁਫ਼ਤ ਡਾਊਨਲੋਡ ਕੀਤਾ ਜਾ ਸਕਦਾ ਹੈ।

ਜਸਟਿਸ ਐਚ.ਐਸ.ਭੱਲਾ

ਕਮਿਸ਼ਨਰ, ਗੁਰਦੁਆਰਾ ਚੋਣਾਂ, ਹਰਿਆਣਾ